ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ
ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਸੇਵਾਵਾਂ ਸ਼ਾਖਾ)
email: dplee.service@punjabeducation.gov.in, Ph. no. 0172-2233916.

Most Urgent / Date-bound

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐਸਿ),
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐਲਿ),
ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ,
ਪੰਜਾਬ ਰਾਜ।

ਮੀਮੋ ਨੰ: ਈ-538597/2025/351-354
ਮਿਤੀ: ਐਸ.ਏ.ਐਸ ਨਗਰ, 25/09/2025

ਵਿਸ਼ਾ: ਸਮੂਹ ਸਰਕਾਰੀ ਸਕੂਲਾਂ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਵਿੱਚ ਨਵਗਠਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਦੀ ਟ੍ਰੇਨਿੰਗ ਮਿਤੀ 29/09/2025 ਤੋਂ 15/10/2025 ਦੌਰਾਨ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮ, 2011 ਦੇ ਨਿਯਮ 13 ਤਹਿਤ ਸਾਲ 2025-27 ਲਈ ਨਵੀਆਂ ਸਕੂਲ ਮੈਨੇਜਮੈਂਟ ਕਮੇਟੀਆਂ (ਐਸ.ਐਮ.ਸੀ.) ਦਾ ਗਠਨ ਕਰਨ ਸਬੰਧੀ ਹਦਾਇਤਾਂ ਇਸ ਦਫ਼ਤਰ ਦੇ ਮੀਮੋ ਨੰ: ਈ-858306/2025/239 ਮਿਤੀ 07/07/2025 ਰਾਹੀਂ ਜਾਰੀ ਕੀਤੀਆਂ ਗਈਆਂ ਸਨ। ਇਹਨਾਂ ਕਮੇਟੀਆਂ ਨੂੰ ਮਜ਼ਬੂਤ ਕਰਨ ਲਈ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ, ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕਲਸਟਰ ਪੱਧਰ ਤੇ ਸਿਖਲਾਈ ਪ੍ਰੋਗਰਾਮ ਕਰਵਾਏ ਜਾਣੇ ਹਨ, ਜਿਸ ਦੇ ਮੁੱਖ ਅੰਸ਼ ਨਿਮਨ ਅਨੁਸਾਰ ਹਨ:-

1.1 ਐਸ.ਐਮ.ਸੀ. ਸਕੂਲਾਂ ਦੇ ਵਿਕਾਸ ਵਿੱਚ ਅਹਿਮ ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਅਧਿਆਪਕਾਂ ਅਤੇ ਭਾਈਚਾਰੇ ਵਿਚਕਾਰ ਇੱਕ ਪੁਲ ਦਾ ਕੰਮ ਕਰ ਸਕਦੀ ਹੈ। ਐਸ.ਐਮ.ਸੀ. ਟ੍ਰੇਨਿੰਗ ਦਾ ਉਦੇਸ਼ ਐਸ.ਐਮ.ਸੀ. ਮੈਂਬਰਾਂ ਨੂੰ ਉਹਨਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਨੂੰ ਸੁਚਾਰੂ ਢੰਗ ਨਾਲ ਨਿਭਾਉਣ ਲਈ, ਅਤੇ ਸਕੂਲ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਉਹਨਾਂ ਦੀ ਸਮਰੱਥਾ ਵਧਾਉਣ ਅਤੇ ਉਹਨਾਂ ਨੂੰ ਵਧੇਰੇ ਜਾਗਰੂਕ ਕਰਨਾ ਹੈ।

1.2 ਟ੍ਰੇਨਿੰਗਾਂ ਦੇ ਪਹਿਲੇ ਪੜਾਅ ਵਿੱਚ ਮਾਸਟਰ ਟ੍ਰੇਨਰ ਤਿਆਰ ਕਰਨ ਦੇ ਮੰਤਵ ਲਈ ਸਟੇਟ ਪੱਧਰੀ ਤਿੰਨ ਰੋਜ਼ਾ ਵਰਕਸ਼ਾਪ ਮਿਤੀ 17/09/2025, 18/09/2025 ਅਤੇ 19/09/2025 ਨੂੰ ਸਟੇਟ ਹੈੱਡਕੁਆਟਰ ਪੱਧਰ ਤੇ ਆਯੋਜਿਤ ਕੀਤੀ ਗਈ ਸੀ। ਹੁਣ ਦੂਜੇ ਪੜਾਅ ਲਈ ਟ੍ਰੇਨਿੰਗ ਕਲਸਟਰ ਪੱਧਰ ਤੇ ਨਿਮਨ ਅਨੁਸਾਰ ਕਰਵਾਈ ਜਾਣੀ ਹੈ:-

| ਸਟੇਜ 2: ਕਲੱਸਟਰ ਪੱਧਰੀ ਸਿਖਲਾਈ | |
|---|---|
| ਭਾਗ ਲੈਣ ਵਾਲੇ ਮੈਂਬਰ | ਹਰ ਜ਼ਿਲ੍ਹੇ ਦੇ ਹਰ ਇੱਕ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਸਮੂਹ (16) ਐਸ.ਐਮ.ਸੀ. ਮੈਂਬਰ ਟ੍ਰੇਨਿੰਗ ਪ੍ਰਾਪਤ ਕਰਨਗੇ। |
| ਟ੍ਰੇਨਰ | ਡੀ.ਆਰ.ਸੀ., ਬੀ.ਆਰ.ਸੀ., ਅਤੇ ਸਿਖਲਾਈ ਪ੍ਰਾਪਤ ਐਸ.ਐਮ.ਸੀ. ਮੈਂਬਰ |
| ਸਥਾਨ | **ਕਲੱਸਟਰ ਪੱਧਰ ਤੇ:** ਭਾਈਚਾਰਾ ਤੇ ਸਹੂਲੀਅਤ ਦੇ ਆਧਾਰ ਤੇ ਚੁਣੇ ਗਏ 10-13 ਸਕੂਲਾਂ ਵਿੱਚੋਂ ਕਿਸੇ ਇੱਕ ਵਿੱਚ ਜਿੱਥੇ 50-60 ਭਾਗੀਦਾਰਾਂ ਦੀ ਮੇਜ਼ਬਾਨੀ ਕਰਨ ਲਈ ਢੁੱਕਵੀਂ ਥਾਂ ਹੋਵੇ। ਇਹ ਕਲੱਸਟਰ ਪੱਧਰ ਤੇ ਕਲੱਸਟਰ ਦਾ ਸਿਖਲਾਈ ਰੂਮ ਕਿਸੇ ਵੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦਾ ਹੋ ਸਕਦਾ ਹੈ। |
| ਮਿਤੀ | 29 ਸਤੰਬਰ, 2025 ਤੋਂ 15 ਅਕਤੂਬਰ, 2025 ਦੌਰਾਨ |

1.3 ਐੱਸ.ਐੱਮ.ਸੀ. ਟ੍ਰੇਨਿੰਗ ਦੇ ਵਿਸ਼ੇ:

- **ਭੂਮਿਕਾ ਅਤੇ ਜ਼ਿੰਮੇਵਾਰੀਆਂ:** ਐੱਸ.ਐੱਮ.ਸੀ. ਮੈਂਬਰਾਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਯਮਿਤ ਤੌਰ ਤੇ ਨਿਭਾਉਣ ਬਾਰੇ ਸਿਖਲਾਈ ਦਿੱਤੀ ਜਾਵੇਗੀ।
- **ਐੱਸ.ਐੱਮ.ਸੀ. ਦੀ ਤਾਕਤ, ਸਕੂਲ ਦੀ ਤਰੱਕੀ:** ਐੱਸ.ਐੱਮ.ਸੀ. ਮੈਂਬਰਾਂ ਨੂੰ ਇਹ ਸਮਝਣ ਵਿੱਚ ਮਦਦ ਕਰਨਾ, ਕਿ ਇੱਕ ਮਜ਼ਬੂਤ ਐੱਸ.ਐੱਮ.ਸੀ. ਦਾ ਮਤਲਬ ਹੈ ਇੱਕ ਬਿਹਤਰ ਸਕੂਲ, ਅਤੇ ਸਾਰਿਆਂ ਨੂੰ ਮਿਲ ਕੇ ਸਿੱਖਿਆ ਦੀ ਤਰੱਕੀ ਲਈ ਕੰਮ ਕਰਨਾ ਚਾਹੀਦਾ ਹੈ।

1.4 **ਕਲੱਸਟਰ ਪੱਧਰੀ ਐੱਸ.ਐੱਮ.ਸੀ. ਟ੍ਰੇਨਿੰਗ** ਕਰਾਉਣ ਲਈ ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆਂ ਜਾਣਗੀਆਂ:-

- **ਆਨਲਾਈਨ ਓਰੀਐਂਟੇਸ਼ਨ:** 26 ਸਤੰਬਰ, 2025 ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਅਤੇ (ਐਸਿ.) ਐੱਸ.ਐੱਮ.ਸੀ. ਟ੍ਰੇਨਿੰਗ ਲਈ ਆਨਲਾਈਨ ਓਰੀਐਂਟੇਸ਼ਨ ਦੇ ਸੈਸ਼ਨ ਵਿੱਚ ਸ਼ਾਮਲ ਹੋਣਗੇ। ਇਸ ਸਬੰਧੀ V.C. ਦਾ ਲਿੰਕ ਬਾਅਦ ਵਿੱਚ ਸਾਂਝਾ ਕੀਤਾ ਜਾਵੇਗਾ।
- **ਕਲੱਸਟਰ ਪੱਧਰੀ ਐੱਸ.ਐੱਮ.ਸੀ. ਟ੍ਰੇਨਿੰਗ ਦਾ ਸਮਾਂ ਤੇ ਸਥਾਨ ਦੀ ਜਾਣਕਾਰੀ ਦੇਣਾ:** 27 ਸਤੰਬਰ, 2025 ਤੱਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪ੍ਰਾਇਮਰੀ ਬੀ.ਆਰ.ਸੀ. ਨਾਲ ਸਲਾਹ ਕਰਕੇ ਟ੍ਰੇਨਿੰਗ ਦਾ ਸਮਾਂ ਅਤੇ ਸਥਾਨ ਬਾਰੇ ਫ਼ੈਸਲਾ ਲੈ ਕੇ ਗੂਗਲ ਫ਼ਾਰਮ ਦੇ ਜ਼ਰੀਏ ਇਸਦੀ ਜਾਣਕਾਰੀ ਸਾਂਝੀ ਕਰਨਗੇ (Google Sheet https://tinyurl.com/3dnd5n6t)
- **ਇੰਤਜ਼ਾਮ ਅਤੇ ਜਾਗਰੂਕਤਾ ਫੈਲਾਉਣੀ:** ਜ਼ਿਲ੍ਹਾ/ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ), ਪ੍ਰਿੰਸੀਪਲ (ਡਾਇਟ), ਬਲਾਕ ਨੋਡਲ ਅਫ਼ਸਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੈਂਟਰ ਹੈੱਡ ਟੀਚਰ ਅਤੇ ਸਕੂਲ ਮੁਖੀ ਭਾਗੀਦਾਰਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਜ਼ਰੀਏ, ਜਿਵੇਂ ਕਿ ਹੱਥ ਨਾਲ ਬਣਾਏ ਸੱਦਾ ਪੱਤਰ ਅਤੇ ਸਕੂਲ ਅਸੈਂਬਲੀਆਂ ਵਿੱਚ ਐਲਾਨ ਆਦਿ ਰਾਹੀਂ ਐੱਸ.ਐੱਮ.ਸੀ. ਸਿਖਲਾਈ ਬਾਰੇ ਜਾਗਰੂਕਤਾ ਫੈਲਾਉਣਗੇ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ) ਸਿਖਲਾਈ ਦਾ ਪ੍ਰਬੰਧ ਅਤੇ ਰੀਫਰੈਸ਼ਮੈਂਟ ਦਾ ਪ੍ਰਬੰਧ ਕਰਨਗੇ।
- **ਕਲੱਸਟਰ ਪੱਧਰੀ ਐੱਸ.ਐੱਮ.ਸੀ. ਟ੍ਰੇਨਿੰਗਾਂ ਕਰਾਉਣਾ:** ਡੀ.ਆਰ.ਸੀ./ਬੀ.ਆਰ.ਸੀ. ਅਤੇ ਸਿਖਲਾਈ ਪ੍ਰਾਪਤ ਐੱਸ.ਐੱਮ.ਸੀ. ਮੈਂਬਰ ਕਲੱਸਟਰ ਪੱਧਰ ਤੇ ਸਿਖਲਾਈ ਦੇਣਗੇ।
- ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਬਲਾਕ ਦੇ ਸਾਰੇ ਕਲੱਸਟਰਾਂ ਵਿੱਚ ਸਿਖਲਾਈ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਨੋਡਲ ਅਧਿਕਾਰੀ ਹੈ।

1.5 **ਸਥਾਨ:** ਕਲੱਸਟਰ ਪੱਧਰ ਤੇ, ਭਾਗੀਦਾਰਾਂ ਦੀ ਸਹੂਲੀਅਤ ਦੇ ਆਧਾਰ ਤੇ ਚੁਣੇ ਗਏ 10-13 ਸਕੂਲਾਂ ਵਿੱਚੋਂ ਕਿਸੇ ਇੱਕ ਸਕੂਲ ਵਿੱਚ, ਜਿੱਥੇ 50-60 ਭਾਗੀਦਾਰਾਂ ਦੀ ਮੇਜ਼ਬਾਨੀ ਕਰਨ ਲਈ ਢੁੱਕਵੀਂ ਥਾਂ ਹੋਵੇ। ਇਹ ਕਲੱਸਟਰ ਪੱਧਰ ਤੇ ਕਿਸੇ ਵੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦਾ ਕਲੱਸਟਰ ਦਾ ਰਿਸੋਰਸ ਰੂਮ ਹੋ ਸਕਦਾ ਹੈ। ਹਰੇਕ ਕਲੱਸਟਰ ਵਿੱਚ ਪ੍ਰਤੀ ਦਿਨ 2 ਸੈਸ਼ਨਾਂ ਦੀ ਸਿਖਲਾਈ ਕਰਵਾਈ ਜਾਵੇਗੀ।

1.6 **ਪ੍ਰੀ-ਟ੍ਰੇਨਿੰਗ:**

- ਹਰੇਕ ਬਲਾਕ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਇਨ੍ਹਾਂ ਕੰਮਾਂ ਨੂੰ ਯਕੀਨੀ ਬਣਾਉਣਗੇ- ਸਿਖਲਾਈ ਕੇਂਦਰ ਦਾ ਗਠਨ, ਸਿਖਲਾਈ ਲਈ ਥਾਂ ਦੀ ਚੋਣ। ਬੀ.ਆਰ.ਸੀ. (ਪ੍ਰਾਇਮਰੀ), ਸਿਖਲਾਈ ਪ੍ਰਾਪਤ ਐੱਸ.ਐੱਮ.ਸੀ. ਮੈਂਬਰ, ਅਤੇ ਸਕੂਲ ਮੁਖੀਆਂ ਨਾਲ ਸਮੁੱਚੇ ਤਾਲਮੇਲ ਦੀ ਨਿਗਰਾਨੀ ਕਰਨਗੇ।
- **ਸਕੂਲ ਮੁਖੀ ਇਸ ਗੱਲ ਨੂੰ ਯਕੀਨੀ ਬਣਾਉਣਗੇ** ਕਿ ਸਾਰੇ ਐੱਸ.ਐੱਮ.ਸੀ. ਮੈਂਬਰਾਂ ਨੂੰ ਟ੍ਰੇਨਿੰਗ ਦੇ ਸਮੇਂ ਬਾਰੇ ਜਾਣਕਾਰੀ **ਪਹਿਲਾਂ ਤੋਂ ਪ੍ਰਾਪਤ ਹੋਵੇ ਤੇ ਉਹ ਟ੍ਰੇਨਿੰਗ** ਵਿੱਚ ਸ਼ਾਮਲ ਹੋਣ, ਤਾਂ ਜੋ ਸਿਖਲਾਈ ਦੌਰਾਨ 100% ਹਾਜ਼ਰੀ ਰਹੇ।

- ਟ੍ਰੇਨਿੰਗ ਦੌਰਾਨ: ਬੀ.ਆਰ.ਸੀ (ਪ੍ਰਾਇਮਰੀ) ਅਤੇ ਸਿਖਲਾਈ ਪ੍ਰਾਪਤ ਐਸ.ਐਮ.ਸੀ. ਮੈਂਬਰ, ਐਸ.ਐਮ.ਸੀ. ਟ੍ਰੇਨਿੰਗ ਕਰਾਉਣਗੇ ਅਤੇ ਉਪਲਬਧ ਕਰਾਏ ਗਏ ਐਸ.ਐਮ.ਸੀ. ਹੈਂਡਬੁੱਕ ਤੇ ਹੋਰ ਸਰੋਤ ਵੰਡਣਗੇ ਅਤੇ ਵਰਤਣਗੇ।

1.7 ਟ੍ਰੇਨਿੰਗ ਤੋਂ ਬਾਅਦ:

- ਐਸ.ਐਮ.ਸੀ. ਮੈਂਬਰ ਗੂਗਲ ਫਾਰਮ ਰਾਹੀਂ ਫੀਡਬੈਕ ਭਰਨਗੇ (https://forms.gle/2GipPtUrcQ3Psbio9) ਬੀ.ਆਰ.ਸੀ. (ਪ੍ਰਾਇਮਰੀ) ਇਹ ਯਕੀਨੀ ਬਣਾਉਣ ਕਿ ਇਹ ਜ਼ਰੂਰ ਭਰਿਆ ਜਾਵੇ।
- ਬੀ.ਆਰ.ਸੀ. (ਪ੍ਰਾਇਮਰੀ) ਹਾਜ਼ਰੀ ਅਤੇ ਸਿਖਲਾਈ ਗੁਣਵੱਤਾ ਦੇ ਵੇਰਵਿਆਂ ਦੀ ਰਿਪੋਰਟ ਐਸ.ਐਮ.ਸੀ. ਸਿਖਲਾਈ ਰਿਪੋਰਟਿੰਗ ਫਾਰਮ ਰਾਹੀਂ ਕਰਨਗੇ (https://tinyurl.com/56n52mu4)

1.8 ਟ੍ਰੇਨਿੰਗ ਦਾ ਨਿਰੀਖਣ: [illegible] ਜ਼ਿਲ੍ਹਾ/ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ), ਡਾਇਟ ਪ੍ਰਿੰਸੀਪਲ, ਬੀ.ਐਨ.ਓ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਸੈਂਟਰ ਹੈੱਡ ਟੀਚਰ ਕਲੱਸਟਰ ਪੱਧਰੀ ਐਸ.ਐਮ.ਸੀ. ਟ੍ਰੇਨਿੰਗ ਦੇ ਦੂਜੇ ਪੜਾਅ ਦੌਰਾਨ ਟ੍ਰੇਨਿੰਗ ਸਥਾਨ ਦਾ ਦੌਰਾ ਕਰਨਗੇ, ਬਿਹਤਰ ਕਾਰਜ ਪ੍ਰਣਾਲੀ ਦਾ ਨਿਰੀਖਣ ਕਰਨਗੇ ਅਤੇ ਨਿਰੀਖਣ ਲਈ ਗੂਗਲ ਫਾਰਮ (https://forms.gle/q5Pkmgpjq5VGqK8SA) ਭਰਨਗੇ। ਕੁੱਝ ਐਸ.ਐਮ.ਸੀ ਮੈਂਬਰਾਂ ਤੋਂ ਟ੍ਰੇਨਿੰਗ ਸਬੰਧੀ ਫੀਡਬੈਕ ਫੋਨ ਕਾਲ ਰਾਹੀਂ ਪ੍ਰਾਪਤ ਕੀਤੀ ਜਾਵੇਗੀ।

1.9 ਮੀਡੀਆ ਕਵਰੇਜ: ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ), ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਅਤੇ ਰਾਜ ਪੱਧਰ 'ਤੇ ਸਿਖਲਾਈ ਪ੍ਰਾਪਤ ਐਸ.ਐਮ.ਸੀ. ਮੈਂਬਰ, ਸਥਾਨਕ ਅਖ਼ਬਾਰਾਂ, ਸੋਸ਼ਲ ਮੀਡੀਆ, ਰੇਡੀਓ, ਆਦਿ ਉੱਤੇ ਕਲੱਸਟਰ ਪੱਧਰੀ ਐਸ.ਐਮ.ਸੀ. ਟ੍ਰੇਨਿੰਗ ਦੀ ਮੀਡੀਆ ਕਵਰੇਜ ਕਰਵਾਉਣਗੇ।

1.10 **ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ) ਦੀ ਸੂਬਾ ਪੱਧਰੀ ਸਮੀਖਿਆ ਮੀਟਿੰਗ:** ਕਲੱਸਟਰ ਪੱਧਰੀ ਐਸ.ਐਮ.ਸੀ. ਟ੍ਰੇਨਿੰਗਾਂ ਦੀ ਪ੍ਰਗਤੀ ਅਤੇ ਬੈਸਟ ਪ੍ਰੈਕਟਿਸਜ਼ ਨੂੰ ਸਮਝਣ ਲਈ ਡਾਇਰੈਕਟਰ ਸਕੂਲ ਸਿੱਖਿਆ (ਐ.ਸਿ) ਦੀ ਪ੍ਰਧਾਨਗੀ ਹੇਠ ਵੀਡਿਓ ਕਾਨਫਰੰਸ (V.C.) ਰਾਹੀਂ 7 ਅਕਤੂਬਰ, 2025 [illegible] ਸਮੀਖਿਆ ਮੀਟਿੰਗ ਹੋਵੇਗੀ। ਇਸ ਸਬੰਧੀ V.C. ਲਿੰਕ ਮਗਰੋਂ ਵਿੱਚ ਸਾਂਝਾ ਕੀਤਾ ਜਾਵੇਗਾ।

1.11 **ਟ੍ਰੇਨਿੰਗ ਦੇ ਫੰਡ:**

- ਕਲੱਸਟਰ ਪੱਧਰੀ ਐਸ.ਐਮ.ਸੀ. ਟ੍ਰੇਨਿੰਗ ਲਈ Community Mobilization/Training of ਐਸ.ਐਮ.ਸੀ./ SDMC ਅਧੀਨ ਪ੍ਰਤੀ ਸਕੂਲ 800 ਰੁਪਏ (ਕੁੱਲ 16 ਮੈਂਬਰਾਂ ਲਈ ਪ੍ਰਤੀ ਮੈਂਬਰ 50 ਰੁਪਏ ਜਿਸ ਵਿੱਚ ਪ੍ਰਤੀ ਮੈਂਬਰ 30 ਰੁਪਏ ਰਿਫਰੈਸ਼ਮੈਂਟ ਅਤੇ 20 ਰੁਪਏ ਸਟੇਸ਼ਨਰੀ/ਫ਼ੋਟੋਸਟੇਟ ਆਦਿ ਪ੍ਰਬੰਧਕੀ ਖਰਚੇ ਲਈ ਹਨ) ਫੰਡ ਸਮੂਹ ਡੀ.ਈ.ਓ. (ਐ.ਸਿ.) ਨੂੰ ਜਾਰੀ ਕੀਤਾ ਗਿਆ ਹੈ।
- **ਪੀ.ਐਮ. ਸ੍ਰੀ ਸਕੂਲਜ਼ ਨੂੰ ਛੱਡ ਕੇ ਇਹ ਰਾਸ਼ੀ ਪ੍ਰਤੀ ਸਕੂਲ 800/- ਰੁਪਏ ਦੇ ਹਿਸਾਬ ਨਾਲ ਕਲੱਸਟਰ ਸਕੂਲ (ਜਿੱਥੇ ਸਕੂਲ ਮੈਨੇਜਮੈਂਟ ਟ੍ਰੇਨਿੰਗ ਕਰਵਾਈ ਜਾ ਰਹੀ ਹੈ) ਨੂੰ ਜਾਰੀ ਕੀਤਾ ਜਾਵੇਗਾ। ਇਹ ਦੱਸਿਆ ਜਾਂਦਾ ਹੈ ਕਿ ਪੀ.ਐਮ. ਸ੍ਰੀ ਸਕੂਲਜ਼ ਦੀ ਰਾਸ਼ੀ ਵੱਖਰੇ ਤੌਰ ਤੇ ਭੇਜੀ ਜਾਵੇਗੀ।**

**<u>ਨੋਟ:</u> ਉਦਾਹਰਣ ਦੇ ਤੌਰ ਤੇ ਜੇਕਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐਸਿ) ਵਲੋਂ ਇਹ ਫੰਡ ਕੇਵਲ ਉਸ ਸਕੂਲ ਨੂੰ (ਟ੍ਰੇਨਿੰਗ ਵਿੱਚ ਸ਼ਾਮਿਲ ਸਕੂਲਾਂ ਦੀ ਗਿਣਤੀ ਦੇ ਮੁਤਾਬਕ) ਜਾਰੀ ਕੀਤਾ ਜਾਵੇ, ਜਿਸ ਸਕੂਲ ਵਿੱਚ ਟ੍ਰੇਨਿੰਗ ਵਿੱਚ ਸ਼ਾਮਿਲ ਸਕੂਲਾਂ ਦੀ ਕਲੱਸਟਰ ਪੱਧਰੀ ਟ੍ਰੇਨਿੰਗ ਕਰਵਾਈ ਜਾਂਦੀ ਹੈ। ਜੇਕਰ ਕਿਸੇ ਸਕੂਲ ਵਿੱਚ 10 ਸਕੂਲਾਂ ਦੀ ਐਸ.ਐਮ.ਸੀ. ਕਲੱਸਟਰ ਪੱਧਰੀ ਟ੍ਰੇਨਿੰਗ ਕਰਵਾਈ ਜਾਂਦੀ ਹੈ ਤਾਂ ਉਸ ਸਕੂਲ ਨੂੰ 10x800 ਰੁਪਏ = ਕੁੱਲ 8000 (ਕੇਵਲ ਅੱਠ ਹਜ਼ਾਰ ਰੁਪਏ) ਜਾਰੀ ਕੀਤਾ ਜਾਵੇ।**

2.0 ਧਿਆਨ ਹਿੱਤ:-

2.1 **ਐੱਸ.ਐੱਮ.ਸੀ. ਸਮੀਖਿਆ ਕਮੇਟੀਆਂ:** ਐੱਸ.ਐੱਮ.ਸੀ. ਟ੍ਰੇਨਿੰਗ ਅਤੇ ਹੋਰ ਪਹਿਲਕਦਮੀਆਂ ਦੀ ਪ੍ਰਗਤੀ ਅਤੇ ਸੰਪੂਰਨਤਾ ਦੀ ਸਮੀਖਿਆ ਕਰਨ ਲਈ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਸਮੀਖਿਆ ਕਮੇਟੀਆਂ ਸਥਾਪਤ ਕੀਤੀਆਂ ਜਾਣਗੀਆਂ।

2.1.1 **ਸਮੀਖਿਆ ਕਮੇਟੀਆਂ ਦੀ ਬਣਤਰ:**

- **ਜ਼ਿਲ੍ਹਾ ਪੱਧਰੀ:** ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ/ਸੈ.ਸਿੱ), ਡੀ.ਆਰ.ਸੀ. (ਪ੍ਰਾਇਮਰੀ)।
- **ਬਲਾਕ ਪੱਧਰੀ:** ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ , ਬੀ.ਆਰ.ਸੀ. (ਪ੍ਰਾਇਮਰੀ), ਰਾਜ ਪੱਧਰ ਤੇ ਸਿਖਲਾਈ ਪ੍ਰਾਪਤ ਐੱਸ.ਐੱਮ.ਸੀ. ਮੈਂਬਰ।

2.1.2 **ਸਮੀਖਿਆ ਕਮੇਟੀਆਂ ਦੀ ਭੂਮਿਕਾ:**

- ਹਰ ਮਹੀਨੇ ਮੀਟਿੰਗ ਕਰਨਾ ਅਤੇ ਹਰ ਪੱਧਰ ਤੇ ਟ੍ਰੇਨਿੰਗ ਅਤੇ ਮਾਪਿਆਂ ਦੀ ਵਰਕਸ਼ਾਪ ਦਾ ਨਿਰੀਖਣ ਕਰਦੇ ਹੋਏ ਪ੍ਰਗਤੀ ਰਿਪੋਰਟ ਤਿਆਰ ਕਰਨਗੀ।
- ਜ਼ਿਲ੍ਹਿਆਂ ਤੋਂ ਆ ਰਹੀਆਂ ਬੈਸਟ ਪ੍ਰੈਕਟਿਸਜ਼ ਦੀ ਪਛਾਣ ਕਰਨੀ।
- ਐੱਸ.ਐੱਮ.ਸੀ. ਅਤੇ ਮਾਪਿਆਂ ਦੁਆਰਾ ਕੀਤੇ ਗਏ ਕੰਮ ਦੀ ਪ੍ਰਸੰਸਾ ਲਈ ਮੌਕੇ ਪੈਦਾ ਕਰਨੇ।

**ਹਰਕੀਰਤ ਕੌਰ ਚਾਨੇ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ**

ਮਿਤੀ: 25/09/2025

ਪਿੱਠ ਅੰਕਣ ਨੰ:

ਉਤਾਰਾ ਨਿਮਨਲਿਖਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਨਿੱ.ਸ. ਮਾਣਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਨਿੱ.ਸ. ਡਾਇਰੈਕਟਰ ਜਨਰਲ, ਸਕੂਲ ਸਿੱਖਿਆ, ਪੰਜਾਬ।
3. ਨਿੱ.ਸ. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
4. ਨਿੱ.ਸ. ਡਾਇਰੈਕਟਰ, ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
5. ਨਿੱ.ਸ. ਡਾਇਰੈਕਟਰ, ਐੱਸ.ਸੀ.ਈ.ਆਰ.ਟੀ., ਪੰਜਾਬ।
6. ਡਾ. ਸ਼ੰਕਰ ਚੌਧਰੀ, ਸਹਾਇਕ ਡਾਇਰੈਕਟਰ (ਏ.ਐਸ.ਜੀ.), ਐੱਸ.ਸੀ.ਈ.ਆਰ.ਟੀ., ਪੰਜਾਬ।
7. ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।
8. ਸਮੂਹ ਡੀ.ਆਰ.ਸੀ (ਪ੍ਰਾਇਮਰੀ) ਅਤੇ ਬੀ.ਆਰ.ਸੀ. (ਪ੍ਰਾਇਮਰੀ), ਪੰਜਾਬ।

**ਸਹਾਇਕ ਡਾਇਰੈਕਟਰ**
**ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।**

SCHOOL MANAGEMENT COMMITTEES (SMCs) TRAINING CHART

| | | | | |
|---|---|---|---|---|
| 107 | MOGA | NIHAL SINGH WALA | JASPAL SINGH | 8968921079 |
| 108 | MOGA | MOGA | KULWINDER SINGH | 9914643373 |
| 109 | MOGA | BAGHA PURANA | AMANDEEP SINGH | 9646806556 |
| 110 | MOGA | DHARAMKOT | KULWINDER SINGH | 9915988894 |
| 111 | MOGA | NIHAL SINGH WALA | VIPUN NARULA | 9780961351 |
| 112 | MOGA | DHARAMKOT | DALER SINGH | 8847253212 |
| | | | | |
| | | | | |

**SMC Trainer List 2**

| S.No. | District | | Name of SMC member (Education worker) | Contact no. |
|---|---|---|---|---|
| 1 | BARNALA | BARNALA | SATNAM SINGH | 9788000971 |
| 2 | BARNALA | BHADAUR | KESHAV GOYAL | 9781442546 |
| 3 | BARNALA | MEHAL KALAN | CHARANJIT SINGH | 9417242474 |
| 4 | BARNALA | BARNALA | NARINDER PAL SHARMA | 8872600477 |
| 5 | BARNALA | BHADAUR | MANPREET SINGH | 9878610764 |
| 6 | BARNALA | MEHAL KALAN | SUKHWINDER SINGH | 9417073202 |
| 7 | BATHINDA | BATHINDA RURAL | JASWANT SINGH SOMA | 8195010097 |
| 8 | BATHINDA | BATHINDA URBAN | BHUPINDER SINGH | 9646478788 |
| 9 | BATHINDA | BHUCHO MANDI | PRINCI SINGH | 9417408062 |
| 10 | BATHINDA | MAUR | GURPREET SINGH | 7973346620 |
| 11 | BATHINDA | RAMPURA PHUL | NAVTEJ SINGH | 7986702700 |
| 12 | BATHINDA | TALWANDI SABO | MEHMA SINGH | 9872916706 |
| 13 | BATHINDA | BATHINDA RURAL | HARDEEP SINGH ROMANA | 9779687100 |
| 14 | BATHINDA | BATHINDA URBAN | PAWANPREET SINGH | 8146952700 |
| 15 | BATHINDA | BHUCHO MANDI | HAPPY SINGH | 8699564801 |
| 16 | BATHINDA | MAUR | JASVEER SINGH | 9858404747 |
| 17 | BATHINDA | RAMPURA PHUL | JASVIR SINGH | 9878598229 |
| 18 | FAZILKA | ABOHAR | VINOD CHANDORA | 9781497668 |
| 19 | FAZILKA | BALLUANA | BALJEET SINGH | 7889262420 |

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1933 ਮਿਤੀ 25-09-2025

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ , ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਮਾਸਟਰ ਟ੍ਰੇਨਰਜ਼ ਉਕਤ ਅਨੁਸਾਰ ਦਿੱਤੇ ਗਏ ਸ਼ਡਿਊਲ ਮੁਤਾਬਕ ਟ੍ਰੇਨਿੰਗ ਅਟੈਂਡ ਕਰਨ ਲਈ ਪਾਬੰਦ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।
25/09/25